ਇਹ ਹਮਾਰਾ ਜੀਵਣਾ

25.1.97

# ਸਮੁੰਦਰ ਵਿਚ ਡੁੱਬ ਕੇ ਮਰ ਗਏ ਪੰਜਾਬੀ ਨੌਜਵਾਨ

ਗੁਰਸ਼ਰਨ ਸਿੰਘ

ਨਾਕਸ ਸਰਕਾਰੀ ਪ੍ਰਬੰਧ ਨੇ ਪੰਜਾਬ ਦੇ 300 ਨੌਜਵਾਨਾਂ ਨੂੰ ਸਮੁੰਦਰ ਵਿਚ ਡੋਬ ਕੇ ਮਾਰ ਦਿੱਤਾ। ਹੁਣ ਸੀ.ਬੀ.ਆਈ. ਸਰਗਰਮ ਹੋ ਗਈ ਹੈ। ਉਹਨੇ ਆਪਣਾ ਰੁੱਖ ਟ੍ਰੈਵਲ ਏਜੰਟਾਂ ਵੱਲ ਕਰ ਲਿਆ ਹੈ। ਕੋਈ ਸਾਧ ਚਰਨ ਦਾਸ ਉਹਨੇ ਕਾਬੂ ਕਰ ਲਿਆ ਹੈ, ਜਿਸ ਤਰ੍ਹਾਂ ਮਸਲਾ ਟ੍ਰੈਵਲ ਏਜੰਟਾਂ ਦਾ ਹੈ, ਜੋ ਪੰਜਾਬ ਦੀ ਜਵਾਨੀ ਨੂੰ ਭਰਮਾਉਂਦੇ ਹਨ ਤੇ ਉਨ੍ਹਾਂ ਨੂੰ ਗੈਰ-ਕਾਨੂੰਨੀ ਤੌਰ 'ਤੇ ਪ੍ਰਦੇਸਾਂ ਵਿਚ ਭੇਜਣ ਦਾ ਬੰਦੋਬਸਤ ਕਰਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਇਹ ਨੌਜਵਾਨ ਜਾਂਦੇ ਕਿਉਂ ਹਨ? ਕੀ ਇਨ੍ਹਾਂ ਨੂੰ ਘਰ ਰੋਟੀ ਨਹੀਂ ਪਚਦੀ? ਇਹਦਾ ਇਕ ਟੁੱਕ ਜਵਾਬ ਹੈ ਕਿ ਇਹ ਸ਼ੌਕ ਨੂੰ ਨਹੀਂ ਜਾਂਦੇ। ਇਹ ਇਸ ਲਈ ਜਾਂਦੇ ਹਨ ਕਿ ਇਨ੍ਹਾਂ ਦੇ ਆਪਣੇ ਦੇਸ਼ ਵਿਚ ਇਨ੍ਹਾਂ ਲਈ ਰੁਜ਼ਗਾਰ ਨਹੀਂ। ਇਹ ਰੁਜ਼ਗਾਰ ਨਾ ਹੋਣ ਦਾ ਕਾਰਨ ਇਹ ਕਹਿ ਕੇ ਨਹੀਂ ਟਾਲਿਆ ਜਾ ਸਕਦਾ ਕਿ ਆਬਾਦੀ ਬੜੀ ਵਧ ਗਈ ਹੈ, ਸਗੋਂ ਬੇਰੁਜ਼ਗਾਰੀ ਦਾ ਕਾਰਨ ਹੈ ਕਿ ਸਰਕਾਰ ਕੋਲ ਇਨ੍ਹਾਂ ਨੂੰ ਰੁਜ਼ਗਾਰ ਦੇਣ ਦਾ ਕੋਈ ਪਲਾਨ ਨਹੀਂ।

ਸਿਆਸੀ ਪਾਰਟੀਆਂ ਜਿਹੜੀਆਂ ਹੁਣ ਚੋਣਾਂ ਲੜ ਰਹੀਆਂ ਹਨ, ਉਨ੍ਹਾਂ ਵਿਚੋਂ ਵੀ ਹਾਲੇ ਤੱਕ ਕਿਸੇ ਨੇ ਇਹ ਮੈਨੀਫੈਸਟੋ ਨਹੀਂ ਦਿੱਤਾ ਕਿ ਉਹ ਆਪਣੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਜ਼ਿੰਮਾ ਲੈਂਦੀ ਹੈ। ਇਹ ਕਹਿਣਾ ਕਾਫ਼ੀ ਨਹੀਂ ਕਿ ਰੁਜ਼ਗਾਰ ਦੇ ਸਾਧਨ ਮੁਹੱਈਆ ਕੀਤੇ ਜਾਣਗੇ, ਸਗੋਂ ਇਹ ਦੱਸਣਾ ਜ਼ਰੂਰੀ ਹੈ ਕਿ ਕਿਸ ਤਰ੍ਹਾਂ ਮੁਹੱਈਆ ਕੀਤੇ ਜਾਣਗੇ? ਬਣ ਰਹੀ ਨੌਵੀਂ ਪੰਜ ਸਾਲਾ ਪਲਾਨ ਵਿਚ ਵੀ ਇਹ ਮਸਲਾ ਖੂੰਜੇ ਲੱਗਿਆ ਦਿਸਦਾ ਹੈ। ਉਂਝ ਇਹ ਮਸਲਾ ਇਕ ਅਹਿਮ ਮਸਲਾ ਹੈ। ਬਹੁਤ ਸਾਰੇ ਦੇਸ਼ਾਂ ਵਿਚ ਰੁਜ਼ਗਾਰ ਦਾ ਹੱਕ ਬੁਨਿਆਦੀ ਹੱਕਾਂ ਵਿਚ ਸ਼ਾਮਲ ਹੈ।

ਅੱਜ ਕੰਪਿਊਟਰ ਦਾ ਯੁੱਗ ਹੈ। ਅੱਜ ਇਹ ਅਨੁਮਾਨ ਤੇ ਅਨੁਮਾਨ ਵੀ ਸੌ ਫੀਸਦੀ ਸਹੀ ਲਗਾਉਣਾ ਕੋਈ ਮੁਸ਼ਕਲ ਨਹੀਂ ਕਿ 91 ਕਰੋੜ ਦੀ ਅਬਾਦੀ ਵਿਚ ਬੇਰੁਜ਼ਗਾਰ ਕਿੰਨੇ ਹਨ ਤੇ ਹਰ ਦਿਨ ਕਿੰਨੇ ਹੋਰ ਰੁਜ਼ਗਾਰ ਦੇ ਤਲਬਗਾਰ ਹੋ ਜਾਣਗੇ? ਉਨ੍ਹਾਂ ਵਿਚ ਹੁਨਰਮੰਦ ਕਿੰਨੇ ਹੋਣਗੇ ਤੇ ਗੈਰ-ਹੁਨਰਮੰਦ ਕਿੰਨੇ ਹੋਣਗੇ? ਮਸ਼ੀਨਰੀ ਦੀ ਵਰਤੋਂ ਕਿਸ ਹੱਦ ਤੱਕ ਕੀਤੀ ਜਾਏ ਕਿ ਲੋੜੀਂਦਾ ਰੁਜ਼ਗਾਰ ਮੁਹੱਈਆ ਹੋ ਸਕੇ। ਹੁਣ ਜਿਨ੍ਹਾਂ ਪਾਰਟੀਆਂ ਦੀ ਸਰਕਾਰ ਚਲਦੀ ਪਈ ਏ ਜਾਂ ਕੱਲ੍ਹ ਜਿਨ੍ਹਾਂ ਨੇ ਸਰਕਾਰ ਚਲਾਉਣੀ ਹੈ, ਉਨ੍ਹਾਂ ਦਾ ਧਿਆਨ ਜੋੜ-ਤੋੜ ਵੱਲ ਬਹੁਤਾ ਹੈ, ਇਸ ਬੁਨਿਆਦੀ ਮਸਲੇ ਵੱਲ ਥੋੜ੍ਹਾ ਹੈ। ਬਾਹਰ ਦੇ ਮੁਲਕਾਂ ਨੇ ਆਪਣੇ ਦਰ ਬੰਦ ਕਰ ਦਿੱਤੇ ਹਨ ਪਰ ਅਸੀਂ ਜ਼ਲੀਲ ਹੋ ਕੇ ਉਨ੍ਹਾਂ ਮੁਲਕਾਂ ਵਿਚ ਘੁਸਪੈਠ ਕਰਨਾ ਚਾਹੁੰਦੇ ਹਾਂ। ਇਹ ਸਾਡੀ ਕੌਮ ਲਈ ਸ਼ਰਮ ਵਾਲੀ ਗੱਲ ਹੈ।

***ਫੇਰ ਕਰੀਏ ਕੀ?*** ਵੱਡੀ ਗੱਲ ਇਹ ਸੋਚ ਲਈਏ ਕਿ ਹਰ ਇਕ ਮਸਲੇ ਦਾ ਹੱਲ ਲੱਭਿਆਂ ਹੀ ਲੱਭਦਾ ਹੈ। ਸਾਡਾ ਸਾਰਾ ਵਰਤਾਰਾ ਮੁਨਾਫ਼ੇ ਲਈ ਚੱਲ ਰਿਹਾ ਹੈ। ਯਾਨੀ ਮਾਰਕੀਟ ਇਕੌਨਮੀ ਜਾਂ ਕਹਿ ਲਵੋ ਮੰਡੀ ਦੀ ਆਰਥਿਕਤਾ ਪ੍ਰਧਾਨ ਹੈ। ਅਸੀਂ ਸਿੰਗਾਪੁਰ, ਮਲਾਇਆ, ਕੋਰੀਆ ਦੀਆਂ ਮਿਸਾਲਾਂ ਲੈਂਦੇ ਹਾਂ ਤੇ ਇਹ ਕਹਿੰਦੇ ਹਾਂ ਕਿ ਮੰਡੀ ਦੀ ਆਰਥਿਕਤਾ ਅਪਣਾ ਕੇ ਉਹ ਛੋਟੇ-ਛੋਟੇ ਮੁਲਕ ਕਿਸ ਤਰ੍ਹਾਂ ਅੱਗੇ ਵਧ ਗਏ। ਇਹਦੇ ਲਈ ਅੰਕੜੇ ਵੀ ਦਿੱਤੇ ਜਾਂਦੇ ਹਨ ਪਰ ਇਹ ਅੰਕੜੇ ਕਦੀ ਨਹੀਂ ਦਿੱਤੇ ਜਾਂਦੇ ਕਿ ਉੱਥੇ ਅਮੀਰ-ਗਰੀਬ ਦਾ ਪਾੜਾ ਕਿਸ ਤਰ੍ਹਾਂ ਵਧ ਰਿਹਾ ਹੈ। ਉਹ ਮਾਡਲ ਸਾਡਾ ਮਾਡਲ ਨਹੀਂ ਹੋ ਸਕਦਾ। ਸਾਨੂੰ ਇਹ ਨਾਅਰਾ ਦੇਣ ਵਿਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ ਕਿ ਜੇਕਰ ਅਸੀਂ ਹਾਲੇ ਗਰੀਬ ਹਾਂ ਤਾਂ ਇਹ ਗ਼ਰੀਬੀ ਵੰਡੀਏ। ਫੇਰ ਸਾਰੇ ਜ਼ੋਰ ਲਗਾ ਕੇ ਗਰੀਬੀ ਤੋਂ ਖੁਸ਼ਹਾਲੀ ਵੱਲ ਵਧੀਏ, ਹੁਣ ਜਿਹੜੇ ਖੁਸ਼ਹਾਲ ਹਨ, ਉਹ ਹੋਰ ਖੁਸ਼ਹਾਲ ਹੋਣ ਦੇ ਚੱਕਰ ਵਿਚ ਹਨ। ਉਨ੍ਹਾਂ ਕੋਲ ਸਾਧਨ ਵੀ ਹਨ। ਉਹ ਖੁਸ਼ਹਾਲ ਹੋਣ ਦੀ ਦੌੜ ਵਿਚ ਗਰੀਬ ਨੂੰ ਨਜ਼ਰ-ਅੰਦਾਜ਼ ਕਰ ਰਹੇ ਹਨ। ਨਤੀਜਾ ਇਹ ਹੈ ਕਿ ਨੌਜਵਾਨ ਸਮੁੰਦਰਾਂ ਵਿਚ ਡੁੱਬ ਕੇ ਮਰਦੇ ਹਨ ਤੇ ਦੁਨੀਆ ਸਾਰੀ ਕੌਮ ਦਾ ਮਜ਼ਾਕ ਕਰਦੀ ਹੈ।

ਨੌਜਵਾਨਾਂ ਦੀਆਂ ਸੰਸਥਾਵਾਂ ਦਾ ਫ਼ਰਜ਼ ਹੈ ਕਿ ਉਹ ਸਾਰੀ ਸਥਿਤੀ ਬਾਰੇ ਬਹੁਤ ਫ਼ਿਕਰਮੰਦ ਹੋਣ। ਸਿਰ ਜੋੜ ਕੇ ਬੈਠਣ। ਰਾਹ ਲੱਭਣ ਕਿ ਬਾਹਰਲੇ ਮੁਲਕਾਂ ਵਿਚ ਧੱਕੇ ਖਾਣ ਦੀ ਥਾਂ ਇੱਥੇ ਸਿਸਟਮ ਨੂੰ ਬਦਲਣ ਦਾ ਉਪਰਾਲਾ ਕਰਨ। ਆਪਾ-ਧਾਪੀ ਵਾਲੇ ਨਾਕਸ ਸਿਸਟਮ ਦੀ ਥਾਂ ਸਾਰਿਆਂ ਦੇ ਭਲੇ ਵਾਲੇ ਸਿਸਟਮ ਦੀ ਤਲਾਸ਼ ਕਰਨ। ਅੱਜ ਹਰ ਇਕ ਮਸਲੇ ਦਾ ਹੱਲ ਲੱਭਣਾ ਜ਼ਰੂਰੀ ਹੈ। 'ਕੁੱਝ ਨਹੀਂ ਹੋ ਸਕਦਾ' ਦੀ ਅਵੱਸਥਾ ਤੋਂ ਨਿਕਲ ਕੇ 'ਸਭ ਕੁੱਝ ਹੋ ਸਕਦਾ ਹੈ' ਦੀ ਅਵੱਸਥਾ ਵਿਚ ਆਈਏ। ਇਹ ਸਮੇਂ ਦੀ ਲੋੜ ਹੈ। ਡੁੱਬਣਾ ਨਹੀਂ, ਤਰਨਾ ਹੈ।

*****